**ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਸੇਤੀਆ ਇੰਡਸਟਰੀਜ਼ ਲਿਮਟਿਡ ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਰੁਪਾਨਾ, ਜਿਲਾ ਸ੍ਰੀ ਮੁਕਤਸਰ ਸਾਹਿਬ ਦੀ ਰੈਵੀਨਿਯੂ ਐਸਟੇਟ ਵਿਖੇ ਸਥਿਤ ਹੈ, ਵਿੱਚ ਤਜਵੀਜਤ ਵਾਧੇ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 04.07.2019 ਦੀ ਕਾਰਵਾਈ ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਡਾ: ਰਿਚਾ, ਆਈ.ਏ.ਐਸ.,
   ਵਧੀਕ ਡਿਪਟੀ ਕਮਿਸ਼ਨਰ,
   ਸ੍ਰੀ ਮੁਕਤਸਰ ਸਾਹਿਬ ।

2. ਡਾ. ਮਨੋਹਰ ਲਾਲ ਚੋਹਾਨ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਪਟਿਆਲਾ

3 ਇੰਜ: ਰਵੀ ਪਾਲ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫਤਰ, ਬਠਿੰਡਾ ।

3 ਸ੍ਰੀ ਜਗਵਿੰਦਰ ਸਿੰਘ,
   ਫੰਕਸਨਲ ਮੈਨੇਜਰ,
   ਜਿਲਾ ਉਦਯੋਗ ਕੇਂਦਰ
   ਸ੍ਰੀ ਮੁਕਤਸਰ ਸਾਹਿਬ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਸੇਤੀਆ ਇੰਡਸਟਰੀਜ਼ ਲਿਮਟਿਡ ਵੱਲੋ ਆਪਣੇ ਮੋਜੂਦਾ ਪਲਾਂਟ, ਜੋ ਕਿ ਪਿੰਡ ਰੁਪਾਨਾ, ਜਿਲਾ ਸ੍ਰੀ ਮੁਕਤਸਰ ਸਾਹਿਬ ਦੀ ਰੈਵੀਨਿਯੂ ਵਿੱਚ ਸਥਿਤ ਹੈ, ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਮੈਸ: ਸੇਤੀਆ ਇੰਡਸਟਰੀਜ਼ ਲਿਮਟਿਡ ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੇ ਮੋਜੂਦਾ ਯੂਨਿਟ ਜੋ ਕਿ ਪਿੰਡ ਰੁਪਾਨਾ, ਜਿਲਾ ਸ੍ਰੀ ਮੁਕਤਸਰ ਸਾਹਿਬ ਦੀ ਰੈਵੀਨਿਯੂ ਵਿੱਚ ਸਥਿਤ ਹੈ, ਨਾਲ ਲੱਗਦੀ 9.53 ਏਕੜ ਹੋਰ ਜਮੀਨ ਹਾਸਲ ਕਰਕੇ ਆਪਣੇ ਇਸ ਯੂਨਿਟ ਨੂੰ ਵਧਾਉਣ ਅਤੇ ਇਸ ਦੀ ਪ੍ਰੋਡਕਸ਼ਨ ਕਪੈਸ਼ਟੀ ਵਿੱਚ ਵਾਧਾ ਕਰਕੇ ਰਾਈਟਿੰਗ ਅਤੇ ਪ੍ਰਿਟਿੰਗ ਪੇਪਰ 300 ਟੀ.ਪੀ.ਡੀ ਤੋਂ 600 ਟੀ.ਪੀ.ਡੀ., ਜਿਸ ਵਿੱਚ ਐਗਰੋ ਰੈਜੀਡਿਊ, ਵੁੱਡ/ਵਨੀਰ ਵੇਸਟ, ਇੰਪੋਰਟਡ ਹਾਰਡ/ਸੋਫਟ ਵੁੱਡ ਪਲਪ ਐਂਡ ਇੰਪੋਰਟਡ/ਇੰਡੀਅਨ ਵੇਸਟ ਪੇਪਰ ਕੱਚੇ ਮਾਲ ਵਜ਼ੋ ਵਰਤਿਆ ਜਾਵੇਗਾ ਅਤੇ ਇਸ ਤੋਂ ਇਲਾਵਾ ਇੱਕ ਹੋਰ ਕੋ-ਜਨਰੇਸ਼ਨ ਪਾਵਰ ਪਲਾਂਟ 14 ਮੈਗਾਵਾਟ (ਕੁਲ 30।14 ਮੈਗਾਵਾਟ) ਕਰਨ ਦੀ ਤਜਵੀਜ਼ ਹੈ। ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਸਨਅਤ

ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ । ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਚੇਅਰਮੈਨ, ਜਿਲਾ ਪ੍ਰੀਸ਼ਦ, ਸ੍ਰੀ ਮੁਕਤਸਰ ਸਾਹਿਬ; ਡਿਪਟੀ ਕਮਿਸਨਰ, ਸ੍ਰੀ ਮੁਕਤਸਰ ਸਾਹਿਬ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਟਰ, ਸ੍ਰੀ ਮੁਕਤਸਰ ਸਾਹਿਬ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ; ਕਾਰਜਕਾਰੀ ਅਫਸਰ, ਐਮ.ਸੀ., ਸ੍ਰੀ ਮੁਕਤਸਰ ਸਾਹਿਬ ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਬਠਿੰਡਾ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਅਖਬਾਰਾਂ ਭਾਵ ਦੀ ਟ੍ਰਿਬਿਊਨ (ਅੰਗਰੇਜ਼ੀ) ਅਤੇ ਰੋਜਾਨਾ ਅਜੀਤ (ਪੰਜਾਬੀ) ਮਿਤੀ 04/06/2019 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਡਾ: ਅਮਿਤ ਧੀਰ ਮੈਸ: ਈਕੋ ਕੈਮ ਸੇਲਜ਼ ਐਂਡ ਸਰਵਿਸ, ਸੂਰਤ, ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰਪੂਰਵਕ ਹੇਠ ਲਿਖੇ ਅਨੁਸਾਰ ਬਿਆਨ ਕੀਤਾ:-

ਸੇਤੀਆ ਇੰਡਸਟਰੀਜ ਲਿਮਟਿਡ, ਮਲੋਟ ਰੋਡ, ਪਿੰਡ ਅਤੇ ਡਾਕਖਾਨਾ ਰੁਪਾਨਾ, ਜਿਲ੍ਹਾ ਮੁਕਤਸਰ, ਪੰਜਾਬ ਵਿਖੇ ਸਥਿਤ ਹੈ। ਇਸ ਪਲਾਟ ਵਿੱਚ ਪ੍ਰਿੰਟਿੰਗ ਅਤੇ ਲਿਖਾਵਟ ਪੇਪਰ ਜਿਸ ਦੀ ਸਮਰੱਥਾ 300 ਟਨ ਪ੍ਰਤੀ ਦਿਨ ਹੈ, ਨੂੰ ਵਧਾ ਕੇ 600 ਟਨ ਪ੍ਰਤੀ ਦਿਨ ਕਰਨ ਦੀ ਪ੍ਰਸਤਾਵ ਹੈ। ਇਸ ਤੋ ਇਲਾਵਾਂ ਸਨਅਤ ਵਲੋ 14.0 ਮੈਗਾਵਾਟ ਦਾ ਕੈਪਟਿਵ ਕੋ ਜਨਰੇਸ਼ਨ ਪਾਵਰ ਪਲਾਂਟ ਦੀ ਵੀ ਤਜਵੀਜ ਹੈ।ਇਸ ਤਜਵੀਜਤ ਪ੍ਰੋਜੈਕਟ ਲਈ ਇੰਡਸਟਰੀ ਵਲੋ 9.53 ਏਕੜ ਜਗ੍ਹਾਂ ਨਵੀ ਖਰੀਦਣ ਉਪਰੰਤ ਕੁਲ ਜਗ੍ਹਾਂ 45.55

ਏਕੜ ਹੋ ਜਾਵੇਗੀ। 500 ਕਰੋੜ ਰੁਪਏ ਦੀ ਕੁੱਲ ਪ੍ਰੋਜੈਕਟ ਕੀਮਤ ਵਿਚੋ ਜੋ ਕਿ ਐਕਸਪੈਨਸ਼ਨ ਵਿੱਚ ਖਰਚ ਕੀਤੀ ਜਾਵੇਗੀ, 15 ਕਰੋੜ ਰੁਪਏ ਵਾਤਾਵਰਣ ਰੋਕਥਾਮ ਸਿਸਟਮਾਂ ਦੇ ਖਰਚ ਕੀਤੇ ਜਾਣਗੇ। ਵਾਤਾਵਰਣ, ਜੰਗਲਾਤ ਅਤੇ ਜਲ ਵਾਯੂ ਤਬਦੀਲੀ ਵਿਭਾਗ, ਨਵੀ ਦਿੱਲੀ ਵਲੋ ਜਾਰੀ ਕੀਤੇ ਗਏ ਟਰਮ ਆਫ ਰੈਫਰਜ ਪੱਤਰ ਨੰਬਰ F.No. J-11011/196/2014-IA-II (I) ਮਿਤੀ ਅਪ੍ਰੈਲ 16, 2019 ਦੇ ਮੁਤਾਬਿਕ ਈ ਆਈ ਏ ਸਟਡੀਜ ਕੀਤੀ ਗਈ। ਤਜੀਵੀਜਤ ਪ੍ਰੋਜੈਕਟ ਦੇ 10 ਕਿਲੋਮੀਟਰ ਦੇ ਘੇਰੇ ਵਿੱਚ ਲਈ ਮਿਤੀ 1 ਦਸੰਬਰ 2018 ਤੋ 28 ਫਰਵਰੀ, 2019 ਤੱਕ ਬੇਸਲਾਇਨ ਵਾਤਾਵਰਣ ਸਟੱਡੀਜ ਕੀਤੀ ਗਈ।

## 1.0 ਕੱਚਾ ਮਾਲ

ਪੇਪਰ ਬਣਾਉਣ ਲਈ ਕੱਚੇ ਮਾਲ ਕਣਕ ਤੂੜੀ, ਸਰਕੰਡਾਂ, ਬਗਾਸ, ਲੱਕੜ, ਲੱਕੜ ਦੀਆਂ ਕੱਟਿੰਗ, ਇੰਮਪੋਰਟਡ ਵੇਸਟ ਪੇਪਰ, ਇੰਮਪੋਰਟਡ ਵੂਡ ਪਲਪ ਅਤੇ ਕਪਾਹ ਸਟਿਟਕਸ ਵਰਤਿਆ ਜਾਵੇਗਾ। ਕੱਚੇ ਮਾਲ ਅਤੇ ਰਸਾਇਣ ਦੀ ਮਾਤਰਾ ਦੀ ਲੋੜ ਸਾਰਣੀ ਵਿੱਚ ਦਰਸਾਈ ਗਈ ਹੈ

| ਲੜੀ ਨੰ: | ਕੱਚਾ ਮਾਲ | ਮੋਜੂਦਾ | ਤਜਵੀਜਤ | ਐਕਸ਼ਪੈਸ਼ਨ ਤੋ ਬਾਅਦ |
|---|---|---|---|---|
| 1 | ਇੰਮਪੋਰਟਡ ਵੇਸਟ ਪੇਪਰ | 0 | 35.3 | 35.3 |
| 2 | ਇੰਮਪੋਰਟਡ ਵੂਡ ਪਲਪ | 0 | 32.6 | 32.6 |
| 3 | ਪੇਪਰ ਅਡਡਿਟੀਵੇ | 7.579 | 4.421 | 12 |
| 4 | ਸਾਪ ਸਟੋਨ | 65.65 | 52.35 | 118 |
| 5 | ਕਣਕ ਤੂੜੀ, ਸਰਕੰਡਾ, ਬਗਾਸ, ਕਪਾਹ ਸਟਿਕਸ | 533 | 105 | 638 |
| 6 | ਲੱਕੜ ਚਿੱਪ | 150 | 205.6 | 355.6 |
| 7 | ਕਾਸਟਿਕ | 130.45 | 52.35 | 182.8 |
| 8 | ਤਰਲ ਆਕਸੀਜਨ | 6.12 | 0 | 6.12 |
| 9 | ਕਲੋਰੀਨ ਡਾਇਐਕਸਾਈਡ | 3.4 | 4.6 | 8 |
| 10 | ਆਕਸੀ ਬਲੀਚ ਬੂਸਟਰ | 0 | 4.4 | 4.4 |
| 11 | ਚੂਨਾ | 95.2 | 32.2 | 127.4 |

## 2.0 ਯੂਟੀਲਿਟੀਸ

ਇਸ ਇੰਡਸਟਰੀ ਨੇ 15 ਮੈਗਾਵਾਟ (11750 ਕੇ ਵੀ ਏ) ਲੋਡ ਦੀ ਮੰਜ਼ੂਰੀ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ.ਐਸ.ਪੀ.ਸੀ.ਐਲ) ਤੋ ਪ੍ਰਾਪਤ ਕੀਤੀ ਹੋਈ ਹੈ। ਵਾਧੇ ਤੋ ਬਾਅਦ ਇਕਾਈ

ਲਈ ਬਿਜਲੀ ਦੀ ਮੰਗ ਲਗਭਗ 32 ਮੈਗਾਵਾਟ (18 ਮੈਗਾਵਾਟ ਮੌਜੂਦਾ ਅਤੇ 14 ਮੈਗਾਵਾਟ ਤਜੀਵੀਜ) ਹੈ। ਵਰਤਮਾਨ ਇੰਡਸਟਰੀ ਕੋਲ 30 ਮੈਗਾਵਾਟ ਸਮਰੱਥਾ ਵਾਲਾ ਪਹਿਲਾਂ ਤੋਂ ਕੋ ਜਨਰੇਸ਼ਨ ਪਲਾਂਟ ਲੱਗਿਆ ਹੋਇਆ ਹੈ, ਜਿਸ ਦੀ ਸਮਰੱਥਾਂ 30 ਮੈਗਾਵਾਟ ਹੈ ਜਿਸ ਵਿੱਚ ਦੋ ਟਰਬਾਇਨਾਂ 12.5 ਮੈਗਾਵਾਟ ਅਤੇ ਇੱਕ ਟਰਬਾਈਨ 5 ਮੈਗਾਵਾਟ ਦੀ ਹੈ। ਦੁਆਰਾ ਹੋਰ 14.0 ਮੈਗਾਵਾਟ ਸਮਰੱਥਾ ਵਾਲਾ ਟਰਬਾਈਨ ਲਗਾਉਣ ਦਾ ਪ੍ਰਸਤਾਵ ਹੈ ਅਤੇ ਪਹਿਲਾਂ ਤੋਂ ਮੌਜੂਦ 5 ਮੈਗਾਵਾਟ ਟਰਬਾਈਨ ਨੂੰ ਸਟੈਂਡ ਬਾਈ ਰੱਖਿਆ ਜਾਵੇਗਾ। ਇਕਾਈ ਵਲੋਂ ਬੁਆਇਲਰ ਵਿੱਚ ਤੂੜੀ ਅਤੇ ਬਲੈਕ ਲੀਕਰ ਇੰਧਣ ਦੇ ਤੋਰ ਵਰਤਿਆ ਜਾਵੇਗਾ। ਤੂੜੀ ਨੂੰ ਨੇੜੇ ਦੇ ਇਲਾਕੇ ਤੋਂ ਖਰੀਦਿਆ ਜਾਵੇਗਾ ਅਤੇ ਬਲੈਕ ਲੀਕਰ ਜੋ ਕਿ ਪਲਪ ਗੁਦਾ ਧੁਲਾਈ ਸੈਕਸ਼ਨ ਤੋਂ ਮਿਲਦਾ ਹੈ ਉਸ ਨੂੰ ਰਿਕਵਰੀ ਬੁਆਇਲਰ ਵਿੱਚ ਇੰਧਣ ਦੇ ਤੋਰ ਤੇ ਵਰਤਿਆ ਜਾਵੇਗਾ।

ਵਰਤਮਾਨ ਇਕਾਈ ਦੀ ਪਾਣੀ ਦੀ ਲੋੜਾ 16500 ਮੀਟਰ$^3$ ਪ੍ਰਤੀ ਦਿਨ ਦੀ ਹੈ ਜੋ ਕਿ ਅਰਨੀਵਾਲ ਕਨਾਲ (ਇਕਾਈ 250 ਕਿਲੋਮੀਟਰ) ਤੋਂ ਲਿਆ ਜਾਂਦਾ ਹੈ। ਵਾਧੇ ਤੋਂ ਬਾਅਦ ਤਾਜੇ ਪਾਣੀ ਦੀ ਲੋੜ ਵੱਧ ਕੇ 24000 ਮੀਟਰ$^3$ ਪ੍ਰਤੀ ਦਿਨ ਹੋ ਜਾਵੇਗੀ। ਜਿਸ ਦੀ ਪ੍ਰਵਾਨਗੀ ਸਬੰਧਤ ਵਿਭਾਗ ਤੋਂ ਲਈ ਜਾਵੇਗੀ।

**3.0 ਲੇਖਣ ਅਤੇ ਪ੍ਰਿੰਟਿੰਗ ਪੇਪਰ ਬਣਤਰ ਪ੍ਰਕ੍ਰਿਆ**

ਪੇਪਰ ਬਣਤਰ ਪ੍ਰਕ੍ਰਿਆ ਵਿਚ ਪਲਪਿੰਗ ਪ੍ਰਕ੍ਰਿਆ (ਗੁੱਦਾ ਪ੍ਰਕ੍ਰਿਆ), ਸਟਾਕ ਤਿਆਰੀ, ਪੇਪਰ ਮੈਕਿੰਗ ਅਤੇ ਪ੍ਰੀਕਰਣ ਵਿਚ ਵੰਡੀ ਹੋਈ ਹੈ।

**3.1 ਪਲਪਿੰਗ ਪ੍ਰਕ੍ਰਿਆ (ਗੁੱਦਾ ਨਿਕਾਲਣ ਪ੍ਰਕ੍ਰਿਆ):**

ਖੇਤੀ ਰਹਿੰਦ ਖੂੰਹਦ ਨੂੰ ਪਾਣੀ ਨਾਲ ਸਾਫ ਕਰਨ ਲਈ ਡੀ-ਡਸਟਰ, ਪੈਡਲਰ ਅਤੇ ਐਕੂਆਸੈਪਰੇਟਰ ਦੀ ਵਰਤੋਂ ਕੀਤੀ ਜਾਵੇਗੀ। ਬਗਾਸ ਨੂੰ ਡੀ ਪਿਥਰ ਰਾਹੀ ਪਾਸ ਕਰਕੇ ਪਾਣੀ ਨਾਲ ਸਾਫ ਕੀਤਾ ਜਾਵੇਗਾ। ਧੋਇਆ ਹੋਇਆ ਕਣਕ ਦਾ ਭੂਸਾ ਸਰਕੰਡਾ ਲਗਾਤਾਰ ਚਲਣ ਵਾਲੇ ਡਾਇਜੈਸਟਰ ਵਿਚ ਪਕਾਉਣ ਲਈ ਚਾਰਜ ਕੀਤਾ ਜਾਂਦਾ ਹੈ। ਵਧੇਰੇ, ਨਰਮ ਅਤੇ ਇੱਕ ਨਾਲ ਦਾ ਗੁੱਦਾ (ਪਲਪ) ਪ੍ਰਾਪਤ ਕਰਨ ਲਈ ਲਗਾਤਾਰ ਚੱਲਣ ਵਾਲੇ ਡਾਇਜੈਸਟਰ ਰਾਹੀ ਪਕਾਇਆ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਬਲੀਚਿੰਗ ਕੈਮੀਕਲਾ ਦੀ ਮੰਗ ਵਿੱਚ ਵੀ ਕਮੀ ਆਉਦੀ ਹੈ ਅਤੇ ਗੁੱਦੇ ਦੀ ਤਾਕਤ ਅਤੇ ਚਮਕ ਵੱਧਦੀ ਹੈ। ਪਕਾਉਣ ਤੋਂ ਬਾਅਦ, ਗੁੱਦੇ ਨੂੰ ਠੰਡੇ ਕਾਲੇ ਤਰਲ ਵਿਚੋਂ ਠੰਡੇ ਵਹਿੰਦੇ ਬਹਾਅ ਦੇ ਅੰਦਰ ਪਾਉਣ ਰਾਹੀ ਠੰਡਾ ਕੀਤਾ ਜਾਂਦਾ ਹੈ। ਗੁੱਦੇ ਨੂੰ ਠੰਡੇ ਬਹਾਅ ਤੋਂ ਬਹਾਅ ਟੈਂਕ ਦੇ ਟੋਪ ਡੋਮ ਵੱਲ ਬਹਾਅ ਦਿੱਤਾ ਜਾਂਦਾ ਹੈ, ਜਿੱਥੋਂ ਗੁੱਦਾ ਆਪਣੇ ਆਪ ਬਹਾਅ ਟੈਂਕ ਵਿਚ ਡਿੱਗ ਪੈਂਦਾ ਹੈ ਅਤੇ ਕਾਲੇ ਤਰਲ ਨਾਲ ਪੰਪ ਕਰਨ ਯੋਗ ਬਣਾਇਆ ਜਾਂਦਾ ਹੈ। ਬਲੋ ਟੈਂਕ ਤੋਂ ਗੁੱਦੇ ਨੂੰ ਵਾਈਬ੍ਰੇਟਿੰਗ ਸਕਰੀਨ ਨਾਲ ਪ੍ਰੋਸੈਸਿੰਗ ਕਰਕੇ ਅਤੇ ਬਾਅਦ ਵਿਚ 2 ਚਰਨਾਂ ਵਿਚ ਟਵਿਨ-ਰੋਲ ਪ੍ਰੈਸ ਰਾਹੀ ਸੁਧਾਈ ਕੀਤੀ ਜਾਂਦੀ ਹੈ। ਅਣਪੱਕੇ ਗੁੱਦੇ ਨੂੰ ਗੁੱਦੇ ਵਿਚੋਂ ਵਾਈਬ੍ਰੇਟਿੰਗ ਸਕਰੀਨ ਨਾਲ ਅਲੱਗ ਕੀਤਾ ਜਾਂਦਾ ਹੈ। ਇਹ ਅਣਬਲੀਚ ਪਲਾਂਟ ਤੋਂ ਬਲੀਚ ਪਲਾਂਟ ਵਿਚੋਂ ਕਾਲੇ ਤਰਲ ਨੂੰ

ਘਟਾਉਣ ਵਿਚ ਸਹਾਇਤਾ ਕਰਦਾ ਹੈ। ਇਹ ਬਲੀਚਿੰਗ ਕੈਮੀਕਲ ਨੂੰ ਘਟਾਉਦਾ ਹੈ ਅਤੇ ਪ੍ਰਦੂਸਣ ਘਟਾਉਣ ਵਿੱਚ ਸਹਾਈ ਹੈ। ਪਹਿਲੇ ਭੂਰੇ ਸਟਾਕ ਸੀਲ ਟੈਂਕ ਵਿਚੋ ਵਾਧੂ ਕਾਲੇ ਤਰਲ ਨੂੰ ਸੋਡਾ ਰਿਕਵਰੀ ਸੈਕਸ਼ਨ ਵਿਚ ਭੇਜਿਆ ਜਾਂਦਾ ਹੈ।

ਸੇਤੀਆ ਇੰਡਸਟਰੀਜ ਨੇ ਪਹਿਲਾਂ ਤੋ ਆਕਸੀਜਲ ਡੀਲਿੰਗਨੀਫਿਕੇਸਨ ਅਤੇ ਕਲੋਰੀਨ ਡਾਇਓਅਕਸਾਈਡ ਬਲੀਚਿੰਗ ਨੂੰ ਅਪਣਾਇਆ ਹੋਇਆ ਹੈ ਅਤੇ ਕਲੋਰੀਨ ਗੈਸ ਦੀ ਵਰਤੋ ਨੂੰ ਬੰਦ ਕਰਕੇ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ। ਚਮਕ ਵਧਾਉਣ ਲਈ ਵਰਤਮਾਨ ਬਲੀਚਿੰਗ ਸੀਕੂਵੈਸ ਓ ਡੀ ਐਲ ਡੀ0 (ਈ ਓ ਪੀ) ਡੀ1 ਦੀ ਵਰਤੋ ਕੀਤੀ ਜਾਵੇਗੀ। ਕੰਪਨੀ ਨੇ ਟਵਿਨ ਰੋਲਸ ਟੈਕਨਾਲੋਜੀ ਵਰਤ ਕੇ ਅਣ ਬਲੀਚਡ ਪਲਪ ਨੂੰ ਧੋਣ ਦੀ ਪ੍ਰੀਕ੍ਰਿਆ ਨੂੰ ਸੋਧਿਆ ਹੈ।

ਲੱਕੜ ਦੀ ਟੁੱਕੜੇ ਅਤੇ ਸੋਡੀਅਮ ਹਾਈਡਰੋਅਕਸਾਈਡ ਨੂੰ ਡਾਇਜੈਸਟਰ ਵਿੱਚ ਪਾ ਕੇ ਲੋੜੀਦੇ ਤਾਪਮਾਨ ਨਾਲ ਲਿੰਗਨੀਨ ਵਿੱਚ ਤਬਦੀਲ ਕੀਤਾ ਜਾਂਦਾ ਜੋ ਕਿ ਕਾਲੇ ਤਰਲ ਵਿੱਚ ਘੁੱਲਣਸੀਲ ਹੈ। ਲੱਕੜ ਦੇ ਟੁੱਕੜੇ ਪਕਾਉਣ ਤੋ ਬਾਅਦ ਬਲੋ ਟੈਂਕ ਵਿੱਚ ਭੇਜਿਆ ਜਾਂਦਾ ਹੈ ਜਿਸ ਨੂੰ ਧੋ ਕੇ ਚਮਕਦਾਰ ਬਣਾਇਆ ਜਾਂਦਾ ਹੈ। ਆਯਾਤੀ ਲੱਕੜੀ ਦੇ ਗੱਦੇ ਦੀ ਕਿਰਿਆ ਲੱਕੜੀ ਦੇ ਗੁੱਦੇ ਨੂੰ ਹਾਈਡਰਾਅ ਪਲਪਰ ਵਿੱਚ ਪਾ ਕੇ ਅਲੱਗ ਅਲੱਗ ਕੀਤਾ ਜਾਂਦਾ ਹੈ ਜੋ ਕਿ ਵੱਖਰੀ ਚੈਸਟ ਵਿੱਚ ਸੁਧਾਰਿਆ ਜਾਂਦਾ ਹੈ। ਇਹ ਰੀਫਾਇੰਡ ਗੁੱਦਾ ਸਟਾਕ ਤਿਆਰੀ ਵਿੱਚ ਵਰਤੋ ਲਈ ਲਿਆਉਦਾ ਜਾਂਦਾ ਹੈ।

ਵੁਡ ਪਲਪ ਜੋ ਕਿ ਬੇਲਸ/ਰੀਲਸ ਦੀ ਫੋਰਮ ਵਿੱਚ ਆਵੇਗਾ। ਉਸਨੂੰ ਹਾਈਡਰਾ ਪਲਪਰ ਵਿੱਚ ਪਾ ਕੇ ਡਿਸਇੰਟੀਗਰੇਟ ਕੀਤਾ ਜਾਵੇਗਾ ਜਿਥੇ ਉਸਨੂੰ ਵੱਖਰੀ ਚੈਸਟ ਵਿੱਚ ਪਾ ਕੇ ਲੋੜੀਦੀ ਫਰੀਨੈਸ ਪ੍ਰਾਪਤ ਕੀਤੀ ਜਾਵੇਗੀ। ਇੰਪੋਰਟਡ ਵੇਸਟ ਪੇਪਰ ਨੂੰ ਪਲਪਰ ਵਿੱਚ ਪਾ ਕੇ ਉਸ ਦੇ ਫਾਈਬਰਸ ਨੂੰ ਅਲੱਗ ਕੀਤਾ ਜਾਵੇਗਾ ਅਤੇ ਦੋ ਪੜਾਅ ਡੀਇੰਕਿੰਗ ਸੈਲਸ ਰਾਹੀ ਸਿਆਹੀ ਨੂੰ ਖਤਮ ਕੀਤਾ ਜਾਵੇਗਾ। ਇਸ ਪਲਪ ਨੂੰ ਇੱਕ ਵੱਖਰੀ ਚੈਸਟ ਵਿੱਚ ਸਟੋਰ ਕੀਤਾ ਜਾਵੇਗਾ।

### 3.2 ਸਟਾਕ ਤਿਆਰੀ:

ਇਹ ਪੇਪਰ ਬਣਾਉਣ ਦਾ ਪ੍ਰਾਇਮਰੀ ਚਰਨ ਹੈ। ਲੋੜੀਂਦੀ ਪੇਪਰ ਦੀ ਗੁਣਵੱਤਾ ਦੀ ਲੋੜ ਅਨੁਸਾਰ ਵਿਭਿੰਨ ਪ੍ਰਕਾਰ ਦੇ ਗੁੱਦਿਆਂ ਨੂੰ ਸਟਾਕ ਤਿਆਰੀ ਲਈ ਅਲੱਗ-ਅਲੱਗ ਅਨੁਪਾਤ ਵਿਚ ਮਿਸ਼ਰਿਤ ਕੀਤਾ ਜਾਂਦਾ ਹੈ। ਇਸ ਤੋ ਇਲਾਵਾ ਹੋਰ ਐਡਡਿਟਿਵ ਜਿਵੇ ਕਿ ਏ ਕੀ ਡੀ, ਪੀ ਏ ਸੀ, ਵਾਈਟਨਿੰਗ ਏਜੰਟ ਅਤੇ ਫਿਲਟਰ ਆਦਿ ਵੀ ਮਿਸ਼ਰਿਤ ਚੈਸਟ ਵਿਚ ਮਿਲਾਏ ਜਾਣਗੇ। ਮਿਸ਼ਰਿਤ ਚੈਸਟ ਤੋ ਮਿੱਝ ਨੂੰ ਪੇਪਰ ਬਣਾਉਣ ਲਈ ਮਸ਼ੀਨ ਚੈਸਟ ਵਿਚ ਭੇਜਿਆ ਜਾਦਾ ਹੈ। ਮਸ਼ੀਨ ਚੈਸਟ ਤੋਂ ਸੈਂਟਰੀਕਲੀਨਰ ਅਤੇ ਪ੍ਰੈਸ਼ਰ ਸਕ੍ਰੀਨ ਰਾਹੀ ਸਾਫ ਕਰਨ ਤੋ ਬਾਅਦ ਮਿੱਝ ਨੂੰ ਹੈਡ ਬਾਕਸ ਵਿਚ ਲਿਜਾਇਆ ਜਾਂਦਾ ਹੈ। ਪੇਪਰ ਬਣਾਉਣ ਅਤੇ ਇਸਦੀ ਫਿਨਿਸਿੰਗ ਕਰਨ ਵੇਲੇ ਪੈਦਾ ਹੋਣ ਵਾਲੇ ਫਾਲਤੂ ਪੇਪਰ ਦਾ ਵੱਖਰੇ ਹਾਈਡ੍ਰੋਪਲਪਰ ਵਿਚ ਉਪਚਾਰ ਕੀਤਾ ਜਾਂਦਾ ਹੈ ਅਤੇ ਮਿਸਰਿਤ ਚੈਸਟ ਵਿਚ ਮਿਲਾ ਦਿੱਤਾ ਜਾਂਦਾ ਹੈ।

**3.3 ਪੇਪਰ ਬਣਾਉਣਾ:**

ਸਟਾਕ ਤਿਆਰੀ ਤੋ ਪ੍ਰਾਪਤ ਸਟਾਕ ਨੂੰ ਸਟੱਫ ਬਾਕਸ, ਕੇਂਦਰੀ ਕਲੀਨਰ ਅਤੇ ਦਬਾਵੀ ਸਕਰੀਨ ਰਾਹੀ ਹੈਡ ਬਾਕਸ ਵਿਚ ਪਾਇਆ ਜਾਵੇਗਾ। ਹੈਡ ਬਾਕਸ (ਮੁੱਖ ਡੱਬੇ) ਵਿਚਲੇ ਫਾਇਬਰ (ਰੇਸ਼ੇ) ਦੇ ਘੋਲ ਨੂੰ ਸਿਨਥੈਟਿਕ ਬਣਾਉਣ ਵਾਲੇ ਉੱਤੇ ਇਕਸਾਰ ਰੂਪ (1% ਤੋ ਘੱਟ) ਵਿਚ ਖਿਲਾਰ ਦਿੱਤਾ ਜਾਵੇਗਾ। ਫੋਰਮੇਸ਼ਨ ਫੈਬਰਿਕ ਉੱਤੇ ਸ਼ੀਟ ਆਕਾਰ ਲੈਣ ਲੱਗਦੀ ਹੈ ਜਿੱਥੇ ਗੁੱਦੇ ਦੇ ਘੋਲ ਵਿਚੋ ਪਾਣੀ ਵਹਿਣ ਲੱਗਦਾ ਹੈ। ਵਹਿ ਰਹੇ ਪਾਣੀ ਨੂੰ ਪਿਛਲਾ ਪਾਣੀ ਕਹਿੰਦੇ ਹਨ ਜੋ ਹੈਡ ਬਾਕਸ (ਮੁੱਖ ਬਕਸੇ) ਵਿਚ ਸਟਾਕ ਨੂੰ ਹਲਕਾ ਕਰਨ ਲਈ ਵਰਤਿਆ ਜਾਂਦਾ ਹੈ। ਸਿਨਥੈਟਿਕ ਫੋਰਮਿੰਗ ਫੈਬਰਿਕ ਉੱਤੇ ਜਦੋ ਜਲ ਪ੍ਰਵਾਹ ਨੂੰ ਗੁਰੂਤਾਆਕਰਸ਼ਣ ਰਾਹੀ ਘਟਾਇਆ ਜਾਂਦਾ ਹੈ ਤਦ ਪਾਣੀ ਵੈਕਿਊਮ ਦੀ ਵਰਤੋ ਕਰਕੇ ਚੁਸਾਵ ਰਾਹੀ ਹਟਾਇਆ ਜਾਂਦਾ ਹੈ।

**3.4 ਬਦਲਣਾ ਅਤੇ ਫਿਨਿਸ਼ਿਗ (ਅੰਤਿਮ ਰੂਪ ਦੇਣਾ):**

ਸ਼ੀਟਿੰਗ ਪ੍ਰਕ੍ਰਿਆ ਵਿਚ ਪੇਪਰ ਰੋਲਾਂ ਨੂੰ ਪੋਪ ਰੀਲ ਤੋ ਬਾਹਰ ਲਿਜਾਇਆ ਜਾਂਦਾ ਹੈ ਅਤੇ ਡੁਪਲੈਕਸ ਸ਼ੀਟ ਕਟਰ ਤੇ ਰੱਖਿਆ (ਲੱਦਿਆ) ਜਾਂਦਾ ਹੈ। ਫਿਨਿੰਸਿਗ ਸੈਕਸ਼ਨ ਵਿਚ ਖਰਾਬ ਸ਼ੀਟਾਂ ਨੂੰ ਹਟਾਉਣ ਲਈ ਨਿਰੀਖਣ ਕੀਤਾ ਜਾਂਦਾ ਹੈ। ਇਹਨਾਂ ਰਿਮਾਂ ਨੂੰ ਪੇਪਰ ਨਾਲ ਪੈਕ ਕੀਤਾ ਜਾਂਦਾ ਹੈ ਅਤੇ ਤਦ ਐਚ ਡੀ ਪੀ ਈ ਸ਼ੀਟਾਂ ਰਾਹੀ ਇਕ ਬੰਡਲ ਦੇ ਰੂਪ ਵਿਚ ਤਿਆਰ ਕੀਤਾ ਜਾਂਦਾ ਹੈ।

**4.0 ਵਾਤਾਵਰਣੀ ਚਿੰਤਾਵਾਂ, ਪ੍ਰਬੰਧ ਉਪਾਅ ਅਤੇ ਸਿੱਟਾ**

**4.1 ਹਵਾ ਵਾਤਾਵਰਣ ਉਤੇ ਪ੍ਰਭਾਵ ਅਤੇ ਲੋੜੀਂਦੇ ਮਾਪਦੰਡ:**

ਹਵਾ ਪ੍ਰਦੂਸਣ ਦੇ ਮੁੱਖ ਸ੍ਰੋਤ ਰਾਇਸ ਹਸਕ ਬੁਆਇਲਰ ਅਤੇ ਰੀਕਵਰੀ ਬੁਆਇਲਰ ਹਨ। ਜਿਸ ਵਿੱਚੋ ਗੈਸਾਂ ਅਤੇ ਕਣ ਦੇ ਆਉਣ ਦੀ ਸੰਭਾਵਨਾ ਹੈ। ਭਾਫ ਦੀ ਲੋੜ ਨੂੰ ਪੂਰਾ ਕਰਨ ਲਈ ਸੇਤੀਆ ਇੰਡਸਰੀਜ ਕੋਲ 50 ਟੀ ਪੀ ਐਚ, 75 ਟੀ ਪੀ ਐਚ ਅਤੇ 75 ਟੀ ਪੀ ਐਚ ਦੀ ਸਮਰੱਥਾ ਵਾਲੇ 3 ਬੁਆਇਲਰ ਹਨ ਅਤੇ ਦੋ ਹੋਰ 50 ਟੀ ਪੀ ਐਚ ਅਤੇ 25 ਟੀ ਪੀ ਐਚ ਦੇ ਰਿਕਵਰੀ ਬੁਆਇਲਰ ਹਨ। ਐਕਸਪੈਨਸ਼ਨ ਤੋ ਬਾਅਦ ਸਨਅਤ ਵਲੋ 75 ਟੀ ਪੀ ਐਚ ਸਮਰੱਥਾ ਦਾ ਇੱਕ ਹੋਰ ਬੁਆਇਲਰ ਲਗਾਇਆ ਜਾਵੇਗਾ ਅਤੇ 25 ਟੀ ਪੀ ਐਚ ਰਿਕਵਰੀ ਬੁਆਇਲਰ ਸਮਰੱਥਾ ਵਾਲੇ ਬੁਆਇਲਰ ਨੂੰ 75 ਟੀ ਪੀ ਐਚ ਤੱਕ ਕਰਨ ਦੀ ਤਜਵੀਜ ਹੈ। 50 ਟੀ ਪੀ ਐਚ ਰਿਕਵਰੀ ਬੁਆਇਲਰ ਸਟੈਡਬਾਏ ਤੋਰ ਰੱਖਿਆ ਜਾਵੇਗਾ। ਸਾਰੇ ਬੁਆਇਲਰਾਂ ਨਾਲ ਇਲੈਕਟਰੋਸਟੈਟੀਕ ਪ੍ਰੈਸੀਪੀਟੇਟਰ ਦੀ ਵਰਤੋ ਨਾਲ ਕਣ ਦੀ ਮਾਤਰਾ ਦੀ ਰੋਕਥਾਮ ਕੀਤੀ ਜਾਂਦੀ ਹੈ ਅਤੇ ਨਵੇ 75 ਟੀ ਪੀ ਐਚ ਬੁਆਇਲਰ ਨਾਲ ਵੀ ਇਲੈਕਟਰੋਸਟੈਟੀਕ ਪ੍ਰੈਸੀਪੀਟੇਟਰ ਲਗਾ ਕੇ ਕਣ ਦੀ ਮਾਤਰਾ ਦੀ ਰੋਕਥਾਮ ਕੀਤੀ ਜਾਵੇਗੀ। ਅਧਿਐਨ ਖੇਤਰ ਵਿਚ ਆਰ ਐਸ ਪੀ ਐਮ (ਪੀ ਐਮ$_{10}$), ਪੀ ਐਮ 2.5, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਆਕਸਾਈਡਜ, ਕਾਰਬਨ ਮੋਨੋਆਕਸਾਈਡ ਦੀ ਮਾਤਰਾ ਘੱਟੋ-ਘੱਟ ਗੁਣਿਆਨਾ ਵਿਖੇ ਅਤੇ ਵੱਧ ਤੋ ਵੱਧ ਇਕਾਈ ਤੇ ਪਾਈ

ਗਈ ਹੈ। ਨਤੀਜਿਆਂ ਤੋ ਇਹ ਪਤਾ ਚੱਲਦਾ ਹੈ ਕਿ ਆਰ ਐਸ ਪੀ ਐਮ (ਪੀ ਐਮ$_{10}$), ਪੀ ਐਮ 2.5, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਆਕਸਾਈਡਜ, ਕਾਰਬਨ ਮੋਨੋਆਕਸਾਈਡ ਦੀ ਮਾਤਰਾ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਨਿਰਧਾਰਿਤ ਕੀਤੀਆਂ ਮਾਤ੍ਰਾਵਾਂ ਤੋ ਘੱਟ ਹੈ। ਇਸ ਲਈ ਅਧਿਐਨ ਖੇਤਰ ਵਿਚ ਸਥਿਤੀ ਆਰਾਮਦਾਇਕ ਹੈ।

## 4.2 ਪਾਣੀ ਵਾਤਾਵਰਣ ਉਤੇ ਪ੍ਰਭਾਵ ਅਤੇ ਲੋੜੀਂਦੇ ਮਾਪਦੰਡ:

ਪਾਣੀ ਦੀ ਵਰਤੋ ਨੂੰ ਘਟਾਉਣ ਲਈ ਕੰਪਨੀ ਨਿਰੰਤਰ ਕਦਮ ਉੱਠਾ ਰਹੀ ਹੈ ਅਤੇ ਐਕਸਪੈਨਸ਼ਨ ਤੋ ਬਾਅਦ ਵਿਭਿੰਨ ਸਟੇਜਾਂ ਤੇ ਪਾਣੀ ਦੀ ਮੁੜ ਵਰਤੋ ਕਰਨ ਉਪਰੰਤ ਇਸ ਦੀ ਖਪਤ 55 ਤੋ 40 ਘਣਮੀਟਰ ਪ੍ਰਤੀ ਟਨ ਪੇਪਰ ਘਟਣ ਦੀ ਉਮੀਦ ਹੈ। ਐਕਸ਼ਪੈਨਸ਼ਨ ਉਪਰੰਤ ਅਣਸੋਧਿਆ ਪਾਣੀ ਦੀ ਮਾਤਰਾ ਵੱਧ ਕੇ 21499 ਘਣਮੀਟਰ ਪ੍ਰਤੀ ਦਿਨ ਹੋ ਜਾਵੇਗੀ ਜੋ ਕਿ ਸੇਤੀਆ ਇੰਡਸਟਰੀਜ ਦੇ 540 ਏਕੜ ਵਿੱਚ ਲੱਗੇ ਯੂਕਿਲਪਟੱਸ ਪੋਦਿਆ ਵਿੱਚ ਵਰਤਿਆ ਜਾਵੇਗਾ। ਐਸਕਪੈਨਸ਼ਨ ਉਪਰੰਤ ਇਕਾਈ ਵਿੱਚ ਲੱਗਿਆ ਮੋਜੂਦਾ ਪਾਣੀ ਸੋਧਕ ਪਲਾਂਟ ਨੂੰ ਅਪਗਰੇਡ ਕੀਤਾ ਜਾਵੇਗਾ ਤਾਂ ਜੋ ਅਣਸੋਧੇ ਹੋਏ ਪਾਣੀ ਨੂੰ ਸੋਧਣ ਲਈ ਸਮਰੱਥ ਬਣਾਇਆ ਜਾਵੇਗਾ ਹੈ। ਸੇਤੀਆ ਇੰਡਸਟਰੀਜ ਵਲੋ ਪਹਿਲਾਂ ਤੋ ਹੀ ਕਾਲੇ ਤਰਲ ਨੂੰ ਸੋਧਣ ਲਈ ਰਿਕਵਰੀ ਯੂਨਿਟ ਲਗਾਇਆ ਹੋਇਆ ਹੈ ਜੋ ਕਿ ਸਾਲ 2014 ਤੋ ਸਫਲਤਾਪੂਰਵਕ ਚੱਲ ਰਿਹਾ ਹੈ। ਐਕਸਪੈਨਸ਼ਨ ਉਪਰੰਤ 25 ਟੀ ਪੀ ਐਚ ਰਿਕਵਰੀ ਬੁਆਇਲਰ ਨੂੰ ਅਪਗਰੇਡ ਕਰਨ 75 ਟੀ ਪੀ ਐਚ ਕਰਨ ਤਜਵੀਜ ਹੈ ਅਤੇ ਮੋਜੂਦਾ 50 ਟੀ ਪੀ ਐਚ ਰਿਕਵਰੀ ਬੁਆਇਲਰ ਨੂੰ ਸਟੈਂਡਬਾਏ ਰੱਖਿਆ ਜਾਵੇਗਾ। ਇਸ ਤੋ ਇਲਾਵਾਂ ਵਰਖਾ ਦੇ ਪਾਣੀ ਦੀ ਵਰਤੋ ਲਈ ਇੱਕਠਾ ਕਰਨ ਅਤੇ ਜਮੀਨ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਅਤੇ ਵਰਖਾ ਦੇ ਪਾਣੀ ਨੂੰ ਇੰਡਸਟਰੀਜ ਦੇ ਕੰਪਲੈਕਸ ਵਿੱਚ ਵਰਤਿਆ ਜਾਵੇਗਾ।

## 4.3 ਮਿੱਟੀ ਦੀ ਗੁਣਵੱਤਾ ਤੇ ਪ੍ਰਭਾਵ ਅਤੇ ਲੋੜੀਂਦੇ ਮਾਪਦੰਡ:

ਪਾਣੀ ਸੋਧਕ ਪਲਾਂਟ (ਈ ਟੀ ਪੀ) ਗਾਰ ਨੂੰ ਆਰ ਸੀ ਸੀ ਪਲੇਟਫਾਰਮ ਤੇ ਇਕੱਠਾ ਕੀਤਾ ਜਾਦਾ ਹੈ ਅਤੇ ਨੇੜੇ ਦੇ ਛੋਟੇ ਸਤਰ ਦੇ ਗੱਤਾ ਬਣਾਉਣ ਵਾਲੇ ਉਦਯੋਗਾਂ ਦੁਆਰਾ ਗੱਤਾ ਬਣਾਉਣ ਲਈ ਵਰਤਿਆ ਜਾਵੇਗਾ। ਬੁਆਇਲਰ ਦੀ ਰਾਖ ਨੂੰ ਸਿੱਧਾ ਟਰਾਲੀਆਂ ਵਿਚ ਇਕੱਠਾ ਕੀਤਾ ਜਾਵੇਗਾ ਅਤੇ ਨੀਵੇ ਧਰਤੀ ਦੇ ਭਰਾਅ ਲਈ ਵਰਤਿਆ ਜਾਵੇਗਾ। ਲਾਈਮ ਕਚਰੇ ਨੂੰ ਐਚ ਡੀ ਪੀ ਈ ਥੈਲਿਆਂ ਵਿਚ ਭਰਨ ਉਪਰੰਤ ਸੀਮਿੰਟ ਬਣਾਉਣ ਵਾਲੀਆਂ ਮਿਲਾਂ ਲਈ ਵਰਤਿਆ ਜਾਵੇਗਾ।

## 4.4 ਸ਼ੋਰ ਦੇ ਕਾਰਣ ਪ੍ਰਭਾਵ ਅਤੇ ਲੋੜੀਂਦੇ ਮਾਪਦੰਡ:

ਸਥਾਨ, ਆਲੇ-ਦੁਆਲੇ ਅਤੇ ਸਮਰੱਥਾ ਦੇ ਅਨੁਸਾਰ, ਭਾਵੇ ਖੁੱਲੇ ਵਿਚ ਹੋਵੇ ਜਾਂ ਬੰਦ ਵਿਚ, ਵਿਭਿੰਨ ਸ਼ੋਰ ਸ਼ੋਤ ਵਾਤਾਵਰਣ ਨੂੰ ਪ੍ਰਭਾਵਿਤ ਕਰਦੇ ਹਨ। ਕੈਪਟਿਵ ਪਾਵਰ ਪਲਾਂਟ ਦੇ ਸੈਕਸ਼ਨ ਵੀ ਹਨ ਜਿਵੇ, ਟਰਬੋਜੈਨਰੇਟਰ, ਜਿੱਥੇ ਸ਼ੋਰ ਸਤਰ ਉੱਚੇ ਹਨ। ਸ਼ੋਰ ਸ਼ੋਤਾਂ ਲਈ ਲੋੜੀਂਦੇ ਸੋਰ ਕੰਟਰੋਲ ਮਾਪਦੰਡ ਲਾਗੂ ਕੀਤੇ

ਗਏ ਹਨ ਤਾਂ ਜੋ ਵਾਤਾਵਰਣ ਤੇ ਇਨ੍ਹਾਂ ਦੇ ਪ੍ਰਭਾਵਾਂ ਨੂੰ ਘਟਾਇਆ ਜਾ ਸਕੇ। ਨਵੀਆਂ ਪਲਾਂਟ ਕ੍ਰਿਆਵਾਂ ਨਾਲ ਸ਼ੋਰ ਵਾਤਾਵਰਣ ਉੱਤੇ ਮਹੱਤਵਪੂਰਨ ਪ੍ਰਭਾਵ ਨਹੀ ਪਵੇਗਾ। ਇਸ ਤੋ ਇਲਾਵਾਂ ਪੀ.ਪੀ.ਈ ਜਿਵੇ ਕਿ ਈਅਰ ਪਲੱਗ ਅਤੇ ਈਅਰ ਮੱਫਸ ਦੀ ਵਰਤੋ ਪਲਾਂਟ ਦੇ ਅੰਦਰ ਵੱਧ ਸ਼ੋਰ ਕਰਨ ਵਾਲੀਆ ਮਸ਼ੀਨਾਂ ਦੇ ਨੇੜੇ ਜਰੂਰੀ ਬਣਾਇਆ ਜਾਵੇਗਾ।

**4.5 ਸਥਲੀ ਬਨਸਪਤੀ ਅਤੇ ਜੀਵਜੰਤੂਆਂ ਉੱਤੇ ਪ੍ਰਭਾਵ:**

ਪ੍ਰੋਜੈਕਟ ਸਾਈਟ ਤੇ ਪਸ਼ੂਆਂ ਅਤੇ ਪੰਛੀਆਂ ਤੇ ਉੱਚ ਸੋਰ ਸਤਰਾਂ ਪ੍ਰਵਾਹਾਂ ਦਾ ਕੋਈ ਪ੍ਰਤੀਕੂਲ ਪ੍ਰਭਾਵ ਨਹੀ ਹੋਵੇਗਾ। ਅਧਿਐਨ ਖੇਤਰ ਵਿੱਚ ਕੋਈ ਲੁਪਤ ਅਤੇ ਸਥਾਨਕਾਰੀ ਪ੍ਰਜਾਤੀਆਂ ਨਹੀ ਹਨ। ਇਸ ਲਈ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਪ੍ਰਜਾਤੀਆਂ ਤੇ ਕੋਈ ਬੁਰਾ ਪ੍ਰਭਾਵ ਨਹੀ ਪਵੇਗਾ।

**4.6 ਸਮਾਜਿਕ-ਆਰਥਿਕ ਵਾਤਾਵਰਣ ਤੇ ਪ੍ਰਭਾਵ:**

ਐਕਸ੍ਪੈਨਸ਼ਨ ਉਪਰੰਤ ਸਿੱਧੇ ਅਤੇ ਅਸਿੱਧੇ ਤੋਰ ਤੇ ਰੋਜਗਾਰ ਦੇ ਹੋਰ ਵਾਧੂ ਮੌਕੇ ਵੀ ਉਤਪੰਨ ਹੋਣਗੇ। ਸਮਾਜਿਕ੍ਆਰਥਿਕ ਵਾਤਾਵਰਣ ਉੱਤੇ ਪ੍ਰਭਾਵ ਨਾਲ ਸਬੰਧਿਤ ਪਹਿਲੂ ਸਕਾਰਾਤਮਕ ਹੋਣਗੇ। ਸੇਤੀਆ ਇੰਡਸਟਰੀਜ ਲਿਮਟਿਡ ਵਿੱਚ ਪੇਪਰ ਬਣਾਉਣ ਲਈ ਖੇਤੀ ਦੇ ਰਹਿੰਦ ਖੂੰਹਦ ਨੂੰ ਕੱਚੇ ਮਾਲ ਦੇ ਰੂਪ ਵਿਚ ਪ੍ਰਯੋਗ ਕਰਦਾ ਹੈ। ਇਹ ਪਲਾਂਟ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਚਾਵਲਾਂ ਦੇ ਭੂਸੇ ਨੂੰ ਵੀ ਬਾਲਣ ਦੇ ਤੌਰ ਤੇ ਪ੍ਰਯੋਗ ਕਰਦਾ ਹੈ। ਬਾਲਣ ਦੀ ਲੋੜ ਨੂੰ ਪੂਰਾ ਕਰਨ ਲਈ ਚਾਵਲਾਂ ਦੇ ਭੂਸੇ ਦੀ ਵਰਤੋ ਅਤੇ ਕੱਚੇ ਮਾਲ ਦੇ ਰੂਪ ਵਿਚ ਖੇਤੀ ਰਹਿੰਦ ਖੂੰਹਦ ਦੀ ਵਰਤੋ, ਪਿੰਡ ਦੀ ਉਤਪਾਦਕਤਾ ਅਤੇ ਕਮਾਈ ਵਿਚ ਵਾਧਾ ਕਰਦੀ ਹੈ। ਇਸ ਤਰ੍ਹਾ ਇਕਾਈ ਦੇ ਵਾਧੇ ਨਾਲ ਖੇਤੀ ਆਧਾਰਿਤ ਪੇਡੂ ਆਰਥਿਕਤਾ ਤੇ ਕਾਫੀ ਸਕਾਰਾਤਮਕ ਪ੍ਰਭਾਵ ਹੋਵੇਗਾ। ਅਧਿਐਨ ਖੇਤਰ ਦੇ 10 ਕਿਲੋਮੀਟਰ ਦੇ ਘੇਰੇ ਅੰਦਰ ਰਾਸ਼ਟਰੀ ਮਹੱਤਤਾ ਦੀ ਸੁਰੱਖਿਆ ਲਈ ਕੋਈ ਵੀ ਇਤਿਹਾਸਕ ਪੁਰਾਤਨ ਸਮਾਰਕ, ਜੀਵ-ਜੰਤੂਆ ਦਾ ਜੀਵਨ ਸਥਲ ਨਹੀ ਆਉਦਾ। ਕੰਪਨੀ ਨੇ ਪਿਛਲੇ ਤਿੰਨ ਵਿੱਤੀ ਸਾਲਾਂ ਵਿੱਚ ਲੱਗਭਗ 173 ਲੱਖ ਦੀ ਰਕਮ ਨੂੰ ਵੱਡੇ ਪੱਧਰ ਤੇ ਜਿਵੇ ਕਿ ਸਕੂਲਾਂ ਦੇ ਬੁਨਿਆਦੀ ਢਾਂਚੇ ਦਾ ਵਿਕਾਸ, ਪੰਚਾਇਤ ਦਾ ਬੁਨਿਆਦੀ ਢਾਂਚਾ, ਗਰੀਬੀ ਅਤੇ ਭੁੱਖ ਦਾ ਖਾਤਮਾ, ਮਹਿਲਾਵਾਂ ਦਾ ਸਸ਼ਕਤੀਕਰਣ, ਪਿੰਡਾਂ ਦੇ ਵਿੱਚ ਮੈਡੀਕਲ ਕੈਪ ਅਤੇ ਵਾਤਾਵਰਣ ਨਾਲ ਸਬੰਧਤ ਉਪਾਅ ਅਦਿ ਕੰਮਾਂ ਉਤੇ ਖਰਚ ਕੀਤਾ ਹੈ। ਐਕਸ਼ਪੈਨਸ਼ਨ ਦੀ ਲਾਗਤ ਤੇ 500 ਕਰੋੜ ਲੱਗਣ ਦੀ ਉਮੀਦ ਹੈ ਅਤੇ ਤਕਰੀਬਨ 3.75 ਕਰੋੜ ਕੁੱਝ ਚੁਣੇ ਹੋਏ ਪਿੰਡਾਂ ਵਿੱਚ ਪਰਉਪਕਾਰੀ ਕੰਮਾਂ ਲਈ ਖਰਚ ਕਰਨ ਦਾ ਪਰਾਵਧਾਨ ਹੈ। ਇੰਡਸਟਰੀ ਵਲੋ ਪਲਾਂਟ ਦੀ ਪੈਰੀਫਰੀ ਦੇ ਆਲੇ ਦੁਆਲੇ ਦੇ 60832 ਮੀਟਰ ਸਕੇਅਰ ਦੇ ਏਰੀਆ ਵਿੱਚ ਗਰੀਨ ਬੈਲਟ ਕਰਨ ਦੀ ਤਜਵੀਜ ਹੈ।

## ਸਮਾਪਤੀ ਟਿੱਪਣੀਆਂ

ਪ੍ਰਭਾਵਾਂ ਦੇ ਮੁਲਾਂਕਣ ਤੋ ਇਹ ਦੇਖਿਆ ਜਾ ਸਕਦਾ ਹੈ ਕਿ ਸੇਤੀਆ ਇੰਡਸਟਰੀਜ ਲਿਮਟਿਡ ਦੇ ਐਕਸਪੈਨਸ਼ਨ ਉਪਰੰਤ ਦੀ ਕਿਰਿਆ ਦਾ ਆਸ-ਪਾਸ ਦੇ ਵਾਤਾਵਰਣ ਤੇ ਕੋਈ ਮਹੱਤਵਪੂਰਨ ਪ੍ਰਭਾਵ ਨਹੀ ਹੋਵੇਗਾ। ਇਸ ਦਾ ਇਹ ਨਤੀਜਾ ਹੈ ਕਿ ਐਕਸਪੈਨਸ਼ਨ ਉਪਰੰਤ ਪ੍ਰਸਤਾਵਿਤ ਰੋਕਥਾਮ ਅਤੇ ਸੁਧਾਰ ਦੇ ਤਰੀਕਿਆ ਨਾਲ ਵਾਤਾਵਰਣ ਉੱਤੇ ਕੋਈ ਮਾੜਾ ਪ੍ਰਭਾਵ ਨਹੀ ਹੋਵੇਗਾ ਅਤੇ ਇਸ ਤੋ ਇਲਾਵਾਂ ਰੋਜਗਾਰ ਦੇ ਵਸੀਲੇ ਵੱਧਣਗੇ ਅਤੇ ਵਪਾਰਕ ਸਰਗਰਮੀਆਂ ਵਿੱਚ ਹੋਰ ਵਾਧਾ ਹੋਵੇਗਾ।

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ । ਇਹ ਵੀ ਮੋਕੇ ਤੇ ਮੋਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਐਮ.ਓ.ਈ.ਐਫ ਐਂਡ ਸੀ.ਸੀ., ਨਵੀਂ ਦਿੱਲੀ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਹਨ ਜਾਂ ਇਤਰਾਜ਼, ਜੇਕਰ ਹੋਵੇ ਤਾਂ ਦੇ ਸਕਦੇ ਹਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀਂ ਮਿਲੇ ਹਨ।

ਇਸ ਤੋ ਪਿੱਛੋ ਮੋਕੇ ਤੇ ਮੋਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1. | ਸ੍ਰੀ ਹਰਦੇਵ ਸਿੰਘ ਸਰਪੰਚ, ਪਿੰਡ ਰੁਪਾਣਾ, ਜਿਲਾ ਸ੍ਰੀ ਮੁਕਤਸਰ ਸਾਹਿਬ। | ਉਸ ਨੇ ਅਡੀਸਨਲ ਡਿਪਟੀ ਕਮਿਸਨਰ, ਸ੍ਰੀ ਮੁਕਤਸਰ ਸਾਹਿਬ, ਅਫਸਰਾਂ ਅਤੇ ਮੋਜੂਦ ਜਨਤਾ ਨੂੰ ਜੀ ਆਇਆ ਕਿਹਾ। ਉਸ ਨੇ ਇੰਡਸਟਰੀ ਦੇ 300 ਟੀ.ਪੀ.ਡੀ. ਤੋਂ 600 ਟੀ.ਪੀ.ਡੀ. ਵਧਾਉਣ ਲਈ ਖੁਸੀ ਜਾਹਿਰ ਕੀਤੀ। ਉਸਨੇ ਅੱਗੇ ਕਿਹਾ ਕਿ ਇੰਡਸਟਰੀ ਦੇ ਵਾਧੇ ਨਾਲ ਪਿੰਡ ਰੁਪਾਣਾ | ਕਿਸੇ ਵੀ ਟਿੱਪਣੀ ਦੀ ਜਰੂਰਤ ਨਹੀ । |

| | | | |
|---|---|---|---|
| | | ਦੇ ਲੋਕਾਂ ਨੂੰ ਰੁਜਗਾਰ ਮਿਲੇਗਾ। ਇੰਡਸਟਰੀ ਦੇ ਵਾਧੇ ਨਾਲ ਇਲਾਕੇ ਦੇ ਦੁਕਾਨਦਾਰਾਂ ਅਤੇ ਹੋਰ ਗਰੀਬ ਲੋਕਾਂ ਨੂੰ ਹੋਰ ਫਾਇਦਾ ਹੋਵੇਗਾ। ਉਸਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਬਹੁਤ ਇੰਡਸਟਰੀਆਂ ਹਨ। ਇੰਡਸਟਰੀ ਲੱਗਣ ਨਾਲ ਇਲਾਕੇ ਦਾ ਵਿਕਾਸ ਹੁੰਦਾ ਹੈ। ਇਲਾਕੇ ਦੇ ਸਾਰੇ ਲੋਕ ਖਾਸ ਕਰਕੇ ਕਿਸਾਨ ਇੰਡਸਟਰੀ ਦੇ ਇਸ ਵਾਧੇ ਤੋਂ ਬਹੁਤ ਖੁਸ ਹਨ। ਇੰਡਸਟਰੀ ਦੇ ਵਾਧੇ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ। ਉਸ ਨੇ ਪ੍ਰੋਜੈਕਟ ਮੈਨੇਜਮੈਂਟ ਨੂੰ ਇਸ ਵਾਧੇ ਲਈ ਵਧਾਈ ਦਿੱਤੀ। ਉਸ ਨੇ ਮੰਗ ਕੀਤੀ ਕਿ ਰੁਜਗਾਰ ਸਥਾਨਿਕ ਲੋਕਾਂ ਨੂੰ ਮਿਲਣਾ ਚਾਹੀਦਾ ਹੈ। ਉਸ ਨੇ ਅੱਗੇ ਕਿਹਾ ਕਿ ਜੇਕਰ ਇੰਡਸਟਰੀ ਦਾ ਕੋਈ ਕਾਮਾ ਗਲਤੀ ਕਰਦਾ ਹੈ ਤਾਂ ਉਸ ਨੂੰ ਇੰਡਸਟਰੀ ਵਿੱਚੋ ਕੱਢਣਾ ਨਹੀਂ ਚਾਹੀਦਾ। | |
| 2. | ਸ੍ਰੀ ਬੋਰੜ ਸਿੰਘ, ਵਾਸੀ ਪਿੰਡ ਰੁਪਾਣਾ, ਜਿਲਾ ਸ੍ਰੀ ਮੁਕਤਸਰ ਸਾਹਿਬ। | ਉਸ ਨੇ ਆਏ ਹੋਏ ਅਫਸਰਾਂ ਅਤੇ ਮੋਜੂਦ ਜਨਤਾ ਨੂੰ ਪਿੰਡ ਰੁਪਾਣੇ ਵਲੋ ਜੀ ਆਇਆਂ ਕਿਹਾ। ਖੇਤੀਬਾੜੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਹੁੰਦੀ ਹੈ। ਉਸ ਨੇ ਅੱਗੇ ਕਿਹਾ ਕਿ ਇੰਡਸਟਰੀ ਨੇ ਸਥਾਨਿਕ ਲੋਕਾਂ ਨੂੰ ਸਿੱਧੇ ਅਤੇ ਅਸਿੱਧੇ ਤੋਰ ਤੇ ਰੁਜਗਾਰ ਦਿੱਤਾ ਹੈ। ਇੰਡਸਟਰੀ ਦੇ ਵਾਧੇ ਨਾਲ ਰੁਜਗਾਰ ਦੇ ਮੋਕੇ ਪੈਦਾ ਹੋਣਗੇ। ਉਸ ਨੇ ਇਹ ਵੀ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਹਵਾ ਪ੍ਰਦੂਸ਼ਣ ਪੈਦਾ ਹੁੰਦਾ ਹੈ। ਇੰਡਸਟਰੀ ਵਲੋ ਪਰਾਲੀ ਖਰੀਦੀ ਜਾ ਰਹੀ ਹੈ ਜਿਸ ਨਾਲ ਕਿਸਾਨਾਂ ਨੂੰ ਫਾਇਦਾ ਵੀ ਹੋ ਰਿਹਾ ਹੈ ਅਤੇ ਪਰਾਲੀ ਨੂੰ ਅੱਗ ਲਾਉਣ | ਕਿਸੇ ਵੀ ਟਿੱਪਣੀ ਦੀ ਜਰੂਰਤ ਨਹੀ । |

| | | | |
|---|---|---|---|
| | | ਕਰਕੇ ਹੋ ਰਿਹਾ ਹਵਾ ਪ੍ਰਦੂਸ਼ਣ ਵੀ ਘੱਟਿਆ ਹੈ। ਉਸ ਨੇ ਇਹ ਵੀ ਕਿਹਾ ਕਿ ਇੰਡਸਟਰੀ ਵਲੋ ਇੱਕ ਟਰੱਸਟ ਬਣਾਇਆ ਗਿਆ ਹੈ ਜੋ ਕਿ ਅੱਖਾਂ ਦੇ ਕੈਂਪ ਲਗਾ ਰਿਹਾ ਹੈ ਅਤੇ ਇਲਾਕੇ ਦੇ ਲੋਕਾਂ ਲਈ ਹੋਰ ਭਲਾਈ ਦੇ ਕੰਮ ਵੀ ਕਰ ਰਿਹਾ ਹੈ। ਉਸ ਨੇ ਪ੍ਰੋਜੈਕਟ ਮੈਨਜਮੈਂਟ ਨੂੰ ਇੰਡਸਟਰੀ ਦੇ ਵਾਧੇ ਲਈ ਵਧਾਈ ਦਿੱਤੀ। ਉਸ ਨੇ ਇਹ ਵੀ ਕਿਹਾ ਕਿ ਇੰਡਸਟਰੀ ਨੂੰ ਇਸ ਦੀ ਪ੍ਰੋਡਕਸ਼ਨ ਕਪੈਸ਼ਟੀ 300 ਟੀ.ਪੀ.ਡੀ ਤੋ ਵਧਾਕੇ 1200 ਟੀ.ਪੀ.ਡੀ. ਕਰਨੀ ਚਾਹੀਦੀ ਹੈ ਤਾਂ ਕਿ ਇਲਾਕੇ ਦੇ ਲੋਕਾਂ ਨੂੰ ਹੋਰ ਰੁਜਗਾਰ ਮਿਲ ਸਕੇ ਅਤੇ ਇਲਾਕੇ ਦੇ ਵਿਕਾਸ ਵਿੱਚ ਹੋਰ ਵਾਧਾ ਹੋ ਸਕੇ। | |
| 3. | ਸ੍ਰੀ ਜਸਵਿੰਦਰ ਸਿੰਘ ਪਿੱਟਾ, ਪੱਤਰ ਪ੍ਰੇਰਕ | ਉਸ ਨੇ ਕਿਹਾ ਕਿ ਜਨਤਕ ਸੁਣਵਾਈ ਪਾਰਦਰਸੀ ਢੰਗ ਨਾਲ ਹੋ ਰਹੀ ਹੈ। ਇੰਡਸਟਰੀ ਨੇ ਇਲਾਕੇ ਦੇ ਲੋਕਾਂ ਨੂੰ ਰੁਜਗਾਰ ਦਿੱਤਾ ਹੈ। ਉਹ ਚਾਹੁੰਦਾ ਹੈ ਕਿ ਇਸ ਇਲਾਕੇ ਵਿੱਚ ਹੋਰ ਇੰਡਸਟਰੀਆਂ ਲੱਗਣੀਆ ਚਾਹੀਦੀਆਂ ਹਨ। ਸਿੱਖਿਆ ਇੰਡਸਟਰੀ ਨਾਲ ਜੁੜੀ ਹੋਈ ਹੈ। | ਕਿਸੇ ਵੀ ਟਿੱਪਣੀ ਦੀ ਜਰੂਰਤ ਨਹੀ । |
| 4. | ਡਾ: ਜਗਨ ਨਾਥ ਗਰੋਵਰ, ਰੁਪਾਣਾ, ਜਿਲਾ ਸ੍ਰੀ ਮੁਕਤਸਰ ਸਾਹਿਬ | ਉਸ ਨੇ ਕਿਹਾ ਕਿ ਦੇਸ ਦਾ ਨੌਜਵਾਨ ਬਾਹਰ ਜਾ ਰਿਹਾ ਹੈ ਜਿਸ ਨਾਲ ਦੇਸ ਦੀ ਅਰਥਵਿਵਸਥਾ ਨੂੰ ਘਾਟਾ ਪੈ ਰਿਹਾ ਹੈ। ਉਸ ਨੇ ਅੱਗੇ ਕਿਹਾ ਇੰਡਸਟਰੀਆਂ ਰੁਜਗਾਰ ਦੇ ਮੋਕੇ ਪੈਦਾ ਕਰਦੀਆਂ ਹਨ। ਉਸ ਨੇ ਮੰਗ ਕੀਤੀ ਕਿ ਇਸ ਇਲਾਕੇ ਵਿੱਚ ਹੋਰ ਇੰਡਸਟਰੀਆਂ ਲੱਗਣੀਆਂ ਚਾਹੀਦੀਆਂ ਹਨ। ਉਸ ਨੇ ਮੰਗ ਕੀਤੀ ਕਿ ਵਾਤਾਵਰਣ | ਕੰਪਨੀ ਦੇ ਵਾਤਾਵਰਣ ਸਲਾਹਕਾਰ ਦੱਸਿਆ ਕਿ ਇੰਡਸਟਰੀ ਨੇ 60,832 ਵਰਗ ਮੀਟਰ ਏਰੀਏ ਵਿੱਚ ਹਰੀ ਪੱਟੀ ਵਿਕਸਤ ਕਰਨ ਦੀ ਤਜਵੀਜ ਕੀਤੀ ਹੈ। |

| | | | |
|---|---|---|---|
| | | ਨੂੰ ਸਾਫ ਰੱਖਣ ਲਈ, ਇੰਡਸਟਰੀ ਨੂੰ ਹੋਰ ਜਿਆਦਾ ਦਰੱਖਤ/ਪੌਦੇ ਲਗਾਉਣੇ ਚਾਹੀਦੇ ਹਨ। | |
| 5. | ਸ੍ਰੀ ਹਰਜੀਤ ਸਿੰਘ, ਪ੍ਰਧਾਨ ਪਿੰਡ ਰੁਪਾਣਾ, ਜਿਲਾ ਸ੍ਰੀ ਮੁਕਤਸਰ ਸਾਹਿਬ | ਉਸ ਨੇ ਕਿਹਾ ਕਿ ਇੰਡਸਟਰੀ ਆਪਣੀ ਪ੍ਰੋਡਕਸ਼ਨ ਕਪੈਸ਼ਟੀ 300 ਟੀ.ਪੀ.ਡੀ. ਤੋ 600 ਟੀ.ਪੀ.ਡੀ. ਕਰਨ ਜਾ ਰਹੀ ਹੈ, ਜਿਸ ਲਈ ਜਨਤਕ ਸੁਣਵਾਈ ਕੀਤੀ ਜਾ ਰਹੀ ਹੈ, ਜਿਸ ਦਾ ਉਹ ਸਵਾਗਤ ਕਰਦਾ ਹੈ। ਉਸ ਨੇ ਅੱਗੇ ਕਿਹਾ ਕਿ ਹਰ ਇੰਡਸਟਰੀ ਦਾ ਚੰਗਾ ਅਤੇ ਮਾੜਾ ਪ੍ਰਭਾਵ ਹੁੰਦਾ ਹੈ। ਉਸ ਨੇ ਮੈਨਜਮੈਂਟ ਦਾ ਇਸ ਵਾਧੇ ਲਈ ਧੰਨਵਾਦ ਕੀਤਾ ਕਿਉਂਕਿ ਇਸ ਨਾਲ ਰੁਜਗਾਰ ਦੇ ਹੋਰ ਮੌਕੇ ਪੈਦਾ ਹੋਣਗੇ। ਇੰਡਸਟਰੀ ਨੂੰ ਹੋਰ ਹਰੀ ਪੱਟੀ ਵਿਕਸਤ ਕਰਨੀ ਚਾਹੀਦੀ ਹੈ। | ਕੰਪਨੀ ਦੇ ਵਾਤਾਵਰਣ ਸਲਾਹਕਾਰ ਦੱਸਿਆ ਕਿ ਇੰਡਸਟਰੀ ਵਲੋ 540 ਏਕੜ ਜਮੀਨ ਵਿੱਚ ਪਲਾਂਟੇਸ਼ਨ ਕੀਤੀ ਹੋਈ ਹੈ। |
| 6. | ਸ੍ਰੀ ਹਰਵਿੰਦਰ ਸਿੰਘ, ਪਿੰਡ ਗੁਨਿਆਣਾ, ਜਿਲਾ ਸ੍ਰੀ ਮੁਕਤਸਰ ਸਾਹਿਬ | ਉਸ ਨੇ ਕਿਹਾ ਕਿ ਇੰਡਸਟਰੀ ਵਲੋ ਕਿਸਾਨਾਂ ਦੀ ਜਮੀਨ ਲੀਜ ਤੇ ਲਿੱਤੀ ਜਾਂਦੀ ਹੈ ਅਤੇ ਉਸ ਉਪਰ ਦਰੱਖਤ/ਪੌਦੇ ਲਗਾਏ ਜਾਂਦੇ ਹਨ। ਉਸ ਨੇ ਅੱਗੇ ਕਿਹਾ ਕਿ ਕਿਸਾਨਾਂ ਵਲੋ ਇੰਡਸਟਰੀ ਤੋਂ ਪਾਣੀ ਲਿਆ ਜਾਂਦਾ ਹੈ ਜਿਸ ਦਾ ਫਸਲਾਂ ਤੇ ਕੋਈ ਵੀ ਮਾੜਾ ਪ੍ਰਭਾਵ ਨਹੀਂ ਹੈ। ਇੰਡਸਟਰੀ ਵਲੋ ਪਰਾਲੀ ਨੂੰ ਯੂਨਿਟ ਵਿੱਚ ਫਿਊਲ ਦੇ ਤੋਰ ਤੇ ਵਰਤਿਆ ਜਾ ਰਿਹਾ ਹੈ ਜਿਸ ਨਾਲ ਪਰਾਲੀ ਨੂੰ ਜਲਾਉਣ ਤੋ ਪੈਦਾ ਹੋ ਰਿਹਾ ਹਵਾ ਪ੍ਰਦੂਸ਼ਣ ਕੁਝ ਹੱਦ ਤੱਕ ਘੱਟ ਹੋਇਆ ਹੈ। ਇੰਡਸਟਰੀ ਵਲੋ ਉਹਨਾਂ ਦੇ ਪਿੰਡ ਵਿੱਚ ਸਰਕਾਰੀ ਸਕੂਲ ਵਿੱਚ 2 ਕਮਰੇ ਬਣਾਏ ਹਨ। ਇੰਡਸਟਰੀ ਵਲੋ ਇਲਾਕੇ ਦੇ ਗਰੀਬ ਲੋਕਾਂ ਦਾ ਮੁੱਫਤ | ਕੰਪਨੀ ਦੇ ਵਾਤਾਵਰਣ ਸਲਾਹਕਾਰ ਦੱਸਿਆ ਕਿ ਇੰਡਸਟਰੀ ਵਲੋ ਪਿਛਲੇ ਤਿੰਨ ਸਾਲਾਂ ਵਿੱਚ 173 ਲੱਖ ਰੁਪਏ ਲੋਕ ਭਲਾਈ ਗਤੀਵਿਧੀਆਂ ਉਪਰ ਖਰਚ ਕੀਤੇ ਹਨ। ਉਸ ਨੇ ਅੱਗੇ ਕਿਹਾ ਕਿ ਇੰਡਸਟਰੀ ਕੁਝ ਚੁਣੇ ਹੋਏ ਪਿੰਡਾਂ ਉਪਰ ਪਰਉਪਕਾਰੀ ਕੰਮਾਂ ਲਈ 3.75 ਕਰੋੜ ਰੁਪਏ ਖਰਚ ਕਰੇਗੀ। |

| | | | |
|---|---|---|---|
| | | ਇਲਾਜ਼ ਕਰਵਾ ਰਹੀ ਹੈ। ਉਸ ਨੇ ਪ੍ਰੋਜੈਕਟ ਮੈਨੇਜਮੈਂਟ ਦਾ ਧੰਨਵਾਦ ਕੀਤਾ। | |
| 7. | ਸ੍ਰੀ ਕਮਲਜੀਤ ਸਿੰਘ, ਵਾਸੀ ਪਿੰਡ ਰੁਪਾਣਾ, ਜਿਲਾ ਸ੍ਰੀ ਮੁਕਤਸਰ ਸਾਹਿਬ | ਉਹ ਚਾਹੁੰਦਾ ਹੈ ਕਿ ਇੰਡਸਟਰੀ ਵਲੋ ਪ੍ਰੋਸੈਸ ਵਿੱਚ ਵਰਤਿਆ ਜਾਂਦਾ ਪਾਣੀ ਘੱਟ ਕੀਤਾ ਜਾਵੇ। | ਕੰਪਨੀ ਦੇ ਵਾਤਾਵਰਣ ਸਲਾਹਕਾਰ ਦੱਸਿਆ ਕਿ ਇੰਡਸਟਰੀ ਵਲੋ ਇਸ ਸਮੇਂ 300 ਟੀਪੀਡੀ ਪੇਪਰ ਬਨਾਉਣ ਅਤੇ ਇੰਡਸਟਰੀ ਵਿੱਚ ਹੋਰ ਗਤੀਵਿਧੀਆਂ ਲਈ 16,500 ਮੀਟਰ$^3$ ਪ੍ਰਤੀ ਦਿਨ ਵਰਤਿਆ ਜਾ ਰਿਹਾ ਹੈ। ਉਸ ਨੇ ਅੱਗੇ ਕਿਹਾ ਕਿ ਇੰਡਸਟਰੀ ਆਪਣੀ ਪ੍ਰੋਡਕਸ਼ਨ ਕਪੈਸ਼ਟੀ ਦੁੱਗਣੀ ਕਰਨ ਜਾ ਰਹੀ ਹੈ ਅਤੇ ਇਸ ਦੇ ਵਾਧੇ ਤੋ ਬਾਅਦ ਪਾਣੀ ਦੀ ਮੰਗ 24,000 ਮੀਟਰ$^3$ ਪ੍ਰਤੀ ਦਿਨ ਹੋਵੇਗੀ, ਇਸ ਕਰਕੇ ਇੰਡਸਟਰੀ ਨੇ ਪਹਿਲਾਂ ਹੀ ਪਾਣੀ ਨੂੰ ਪ੍ਰੋਸੈਸ ਵਿੱਚ ਘੱਟ ਕਰਨ ਦੀ ਤਜਵੀਜ ਕੀਤੀ ਹੈ। ਉਸਨੇ ਇਹ ਵੀ ਕਿਹਾ ਕਿ ਇੰਡਸਟਰੀ ਵਲੋ ਆਪਣਾ ਮੋਜੂਦਾ ਐਫੂਲੈਂਟ ਟਰੀਟਮੈਂਟ ਪਲਾਂਟ ਨੂੰ ਅਪਗ੍ਰੇਡ/ਸੋਧ ਕਰਨ ਦੀ ਤਜਵੀਜ਼ ਹੈ ਤਾਂ ਤਜਵੀਜਤ ਵਾਧੇ ਤੋਂ ਪੈਦਾ ਹੋਣ ਵਾਲੇ ਉਤਪ੍ਰਵਾਹ ਨੂੰ ਹੈਂਡਲ/ਸੋਧਿਆ ਜਾ ਸਕੇ। ਉਸਨੇ ਭਰੋਸਾ ਦਿੱਤਾ ਕਿ ਇੰਡਸਟਰੀ ਵਿੱਚੋ ਪੈਦਾ ਹੋਣ ਵਾਲੇ ਉਤਪ੍ਰਵਾਹ ਨੂੰ ਸੋਧਣ ਲਈ ਚੰਗਾ ਟਰੀਟਮੈਂਟ ਸਿਸਟਮ ਲਗਾਇਆ ਜਾਵੇਗਾ।<br><br>ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਨੇ ਦੱਸਿਆ ਕਿ ਉਹਨਾਂ ਨੂੰ ਸਹਾਇਕ ਵਾਤਾਵਰਣ ਇੰਜੀਨੀਅਰ,, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਬਠਿੰਡਾ ਨੇ ਦੱਸਿਆ ਹੈ ਕਿ ਇੰਡਸਟਰੀ ਵਲੋ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਐਫੂਲੈਂਟ ਟਰੀਟਮੈਂਟ ਪਲਾਂਟ ਲਗਾਇਆ ਹੋਇਆ ਹੈ। ਉਹਨਾਂ ਅੱਗੇ ਦੱਸਿਆ ਕਿ ਉਹਨਾਂ ਨੂੰ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ |

| | | | |
|---|---|---|---|
| | | | ਰੋਕਥਾਮ ਬੋਰਡ, ਖੇਤਰੀ ਦਫਤਰ, ਬਠਿੰਡਾ ਨੇ ਦੱਸਿਆ ਹੈ ਕਿ ਇੰਡਸਟਰੀ ਵਲੋ ਪਹਿਲਾਂ ਹੀ ਆਨਲਾਈਨ ਮੋਨੀਟਰਿੰਗ ਸਿਸਟਮ ਲਗਾਇਆ ਹੋਇਆ ਹੈ ਜੋ ਕਿ ਸੀ.ਪੀ.ਸੀ.ਬੀ ਅਤੇ ਪੀ.ਪੀ.ਸੀ.ਬੀ. ਮੁੱਖ ਦਫਤਰ ਨਾਲ ਜੋੜਿਆ ਹੋਇਆ ਹੈ ਅਤੇ ਸੰਬਧਿਤ ਉਪਰੇਟਰ ਅਤੇ ਅਧਿਕਾਰੀ ਦੇ ਫੋਨ ਨੰਬਰ ਮੋਨੀਟਰ ਉਪਰ ਫਲੈਸ ਹੁੰਦੇ ਰਹਿੰਦੇ ਹਨ। |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਅਤੇ ਇਤਰਾਜ ਪ੍ਰਗਟ ਕਰਨ ਚਾਹੰਦਾ ਹੋਵੇ ਤਾਂ ਲੈ ਸਕਦਾ/ਕਰ ਸਕਦਾ ਹੈ। ਪਰ ਕਿਸੇ ਨੇ ਵੀ ਜਾਣਕਾਰੀ ਨਹੀ ਮੰਗੀ ਅਤੇ ਨਾ ਹੀ ਕੋਈ ਇਤਰਾਜ਼ ਪ੍ਰਗਟ ਕੀਤਾ । ਇਸ ਤੋ ਪਿੱਛੋ ਉਹਨਾਂ ਨੇ ਕਈ ਵਾਰ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰਸਤਾਵਿਤ ਵਿਸਥਾਰ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ । ਇਸ ਜਨਤਕ ਸੁਣਵਾਈ ਵਿੱਚ 229 ਵਿਅਕਤੀਆਂ ਨੇ ਹਿੱਸਾ ਲਿਆ।

ਅੰਤ ਵਿੱਚ ਵਧੀਕ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਨੇ ਮੈਨਜਮੈਂਟ ਨੂੰ ਕਿਹਾ ਕਿ ਉਹ ਪਿੰਡ ਰੁਪਾਣਾ ਵਿੱਚ ਲੋਕਾਂ ਦੇ ਇਲਾਜ ਲਈ ਡਿਸਪੈਂਸਰੀ ਖੋਲਣ। ਇਸ ਦੇ ਜਵਾਬ ਵਿੱਚ ਇੰਡਸਟਰੀ ਦੀ ਮੈਨਜਮੈਂਟ ਨੇ ਕਿਹਾ ਕਿ ਉਹ ਇਸ ਤਜਵੀਜ ਲਈ ਸਿਧਾਂਤਕ ਤੋਰ ਤੇ ਸਹਿਮਤ/ਰਾਜੀ ਹਨ ਅਤੇ ਉਹਨਾਂ ਰੁਪਾਣਾ ਪਿੰਡ ਦੀ ਪੰਚਾਇਤ ਨੂੰ ਬੇਨਤੀ ਕੀਤੀ ਕਿ ਉਹ ਇਸ ਸੰਬੰਧ ਵਿੱਚ ਇਕ ਮਤਾ ਪਾਸ ਕਰਕੇ ਉਸਦੀ ਕਾਪੀ ਇੰਡਸਟਰੀ ਨੂੰ ਦਿੱਤੀ ਜਾਵੇ ਤਾਂ ਕਿ ਅਗਲੀ ਕਾਰਵਾਈ ਕੀਤੀ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਨੇ ਗ੍ਰਾਮ ਪੰਚਾਇਤ ਰੁਪਾਣਾ ਨੂੰ ਜਲਦੀ ਤੋਂ ਜਲਦੀ ਮਤਾ ਪਾਸ ਕਰਕੇ ਉਸ ਦੀ ਕਾਪੀ ਇੰਡਸਟਰੀ ਦੀ ਮੈਨਜਮੈਂਟ ਨੂੰ ਭੇਜੀ ਜਾਵੇ ਅਤੇ ਗ੍ਰਾਮ ਪੰਚਾਇਤ ਰੁਪਾਣਾ ਨੇ ਭਰੋਸਾ ਦਿਵਾਇਆ ਕਿ ਇਸ ਸੰਬੰਧ ਵਿੱਚ ਮਤਾ ਇੱਕ ਹਫਤੇ ਦੇ ਅੰਦਰ-ਅੰਦਰ ਭੇਜ ਦਿੱਤਾ ਜਾਵੇਗਾ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| **(ਰਵੀ ਪਾਲ)** | **(ਡਾ. ਮਨੋਹਰ ਲਾਲ ਚੋਹਾਨ)** | **(ਡਾ. ਰਿਚਾ), ਆਈ.ਏ.ਐਸ.** |
|---|---|---|
| ਸਹਇਕ ਵਾਤਾਵਰਣ ਇੰਜੀਨੀਅਰ<br>ਪੀਪੀਸੀਬੀ, ਖੇਤਰੀ ਦਫਤਰ, ਬਠਿੰਡਾ | ਵਾਤਾਵਰਣ ਇੰਜੀਨੀਅਰ (ਮੈਗਾ)<br>ਪੀਪੀਸੀਬੀ ਪਟਿਆਲਾ | ਅਡੀਸ਼ਨਲ ਡਿਪਟੀ ਕਮਿਸ਼ਨਰ,<br>ਸ੍ਰੀ ਮੁਕਤਸਰ ਸਾਹਿਬ |